# ਸ਼ੁਭ ਇੱਛਾਵਾਂ

ਪਿਆਰੇ ਬੱਚਿਓ! ਤੁਹਾਡੇ ਸਾਲਾਨਾ ਇਮਤਿਹਾਨ, ਮਿਤੀ 19 ਫਰਵਰੀ ਤੋਂ ਸ਼ੁਰੂ ਹੋ ਰਹੇ ਹਨ। ਮੈਂ ਪਰਲੀਨ ਕੌਰ ਬਰਾੜ, ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਇਸ ਸੰਬੰਧ ਵਿੱਚ ਤੁਹਾਡੇ ਨਾਲ ਆਪਣੇ ਦਿਲ ਦੀਆਂ ਕੁਝ ਗੱਲਾਂ ਸਾਂਝੀਆਂ ਕਰਨੀਆਂ ਚਾਹੁੰਦੀ ਹਾਂ।

ਬੱਚਿਓ! ਇਮਤਿਹਾਨ ਹਰ ਵਿਦਿਆਰਥੀ ਦੇ ਜੀਵਨ ਸਫਰ ਵਿੱਚ ਬਹੁਤ ਹੀ ਮਹੱਤਵਪੂਰਨ ਪੜਾਅ ਹੁੰਦਾ ਹੈ, ਜਿਸ ਵਿੱਚ ਸਫਲਤਾ ਹਾਸਿਲ ਕਰਨ ਉਪਰੰਤ ਉਹ ਆਪਣੀ ਮੰਜ਼ਿਲ ਦੀ ਅਗਲੀ ਪੌੜੀ 'ਤੇ ਕਦਮ ਰੱਖਦਾ ਹੈ। ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਵਜੋਂ ਪ੍ਰੀਖਿਆਵਾਂ ਦੇ ਇਸ ਮਹਾਂਕੁੰਭ ਨੂੰ ਪ੍ਰਸ਼ਾਸਨਿਕ ਪੱਖੋਂ ਹਰ ਤਰ੍ਹਾਂ ਸਫਲ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੀ ਅਤੇ ਯਤਨ ਕਰਾਂਗੀ ਕਿ ਹਰ ਪ੍ਰੀਖਿਆਰਥੀ ਨੂੰ ਬੇਫਿਕਰ ਹੋ ਕੇ ਪੂਰੀ ਇਕਾਗਰਤਾ ਅਤੇ ਉਤਸ਼ਾਹ ਨਾਲ ਆਪਣੀ ਪੂਰੇ ਸਾਲ ਦੀ ਮਿਹਨਤ ਨੂੰ ਪ੍ਰੀਖਿਆ ਵਿੱਚ ਪ੍ਰਦਰਸ਼ਿਤ ਕਰਨ ਦਾ ਮਹੌਲ ਦੇ ਸਕੀਏ।

ਇਸ ਦੇ ਨਾਲ ਮੈਂ ਤੁਹਾਡੇ ਤੋਂ ਵੀ ਵਾਅਦਾ ਮੰਗਦੀ ਹਾਂ ਕਿ ਇਮਤਿਹਾਨ ਵਿੱਚ ਨਕਲ ਕਰਨ ਦਾ ਖਿਆਲ ਤੱਕ ਵੀ ਤੁਸੀਂ ਆਪਣੇ ਦਿਮਾਗ ਵਿੱਚ ਨਹੀਂ ਲਿਆਓਗੇ। ਕਿਉਂਕਿ ਨਕਲ ਕਰਕੇ ਇਮਤਿਹਾਨ ਪਾਸ ਕਰਨ ਨਾਲ ਤੁਹਾਡੇ ਚੰਗੇ ਭਵਿੱਖ ਦੀ ਬੁਨਿਆਦ ਹੀ ਕਮਜੋਰ ਨਹੀਂ ਹੋਵੇਗੀ ਸਗੋਂ ਇਮਤਿਹਾਨ ਵਿੱਚ ਨਕਲ ਕਰਦੇ ਫੜੇ ਜਾਣ ਕਾਰਨ ਤੁਹਾਡੇ ਖਿਲਾਫ ਕਾਰਵਾਈ ਕਰਦੇ ਹੋਏ ਤੁਹਾਨੂੰ ਅਗਲੇ ਕੁਝ ਸਾਲਾਂ ਤੱਕ ਪ੍ਰੀਖਿਆ ਦੇਣ ਤੋਂ ਵੰਚਿਤ ਕੀਤਾ ਜਾ ਸਕਦਾ ਹੈ। ਜਿਸ ਕਾਰਨ ਤੁਹਾਡਾ ਅਕਾਦਮਿਕ ਭਵਿੱਖ ਡਾਵਾਂਡੋਲ ਹੋ ਜਾਵੇਗਾ ਅਤੇ ਅੱਜ ਦੇ ਇਸ ਤੇਜ ਤਰਾਰ ਯੁੱਗ ਵਿੱਚ ਤੁਸੀਂ ਸਫਲਤਾ ਦੀ ਦੌੜ ਵਿੱਚ ਕਈ ਸਾਲ ਪੱਛੜ ਜਾਓਗੇ।

ਪਿਆਰੇ ਬੱਚਿਓ! ਮੈਨੂੰ ਯਕੀਨ ਹੈ ਕਿ ਤੁਸੀਂ ਪ੍ਰੀਖਿਆ ਵਿੱਚ ਸਫਲ ਹੋਣ ਲਈ ਨਕਲ ਦਾ ਸਹਾਰਾ ਨਹੀਂ ਲਓਗੇ ਬਲਕਿ ਆਤਮ ਸਨਮਾਨ ਅਤੇ ਮਿਹਨਤ ਦਾ ਰਸਤਾ ਚੁਣੋਗੇ।

ਮੈਂ ਪ੍ਰੀਖਿਆਵਾਂ ਵਿੱਚ ਤਾਇਨਾਤ ਸਮੂਹ ਅਮਲੇ ਅਤੇ ਅਧਿਆਪਕ ਸਹਿਬਾਨ ਨੂੰ ਵੀ ਅਪੀਲ ਕਰਦੀ ਹਾਂ ਕਿ ਤੁਸੀਂ ਬੋਰਡ ਵੱਲੋਂ ਪਾਰਦਰਸ਼ੀ ਪ੍ਰੀਖਿਆਵਾਂ ਕਰਵਾਉਣ ਦੇ ਉਦੇਸ਼ ਨੂੰ ਆਪਣਾ ਉਦੇਸ਼ ਮੰਨਦੇ ਹੋਏ ਪ੍ਰੀਖਿਆਰਥੀਆਂ ਦੇ ਮਜਬੂਤ ਭਵਿੱਖ ਲਈ ਆਪਣੀ ਡਿਊਟੀ ਪੂਰੀ ਨੈਤਿਕਤਾ ਨਾਲ ਨਿਭਾਉਗੇ। ਜਿਸ ਕਾਰਨ ਬੋਰਡ ਵੱਲੋਂ ਸ਼ਤ ਪ੍ਰਤੀਸ਼ਤ ਨਕਲ ਰਹਿਤ ਇਮਤਿਹਾਨ ਕਰਵਾਉਣ ਦੇ ਟੀਚੇ ਨੂੰ ਹਾਸਿਲ ਕਰਨ ਵਿੱਚ ਨਿਰਸੰਦੇਹ ਤੁਹਾਡਾ ਯੋਗਦਾਨ ਬਹੁਮੁੱਲਾ ਹੋਵੇਗਾ।

ਤੁਹਾਨੂੰ ਸਭ ਨੂੰ ਮੇਰੇ ਵੱਲੋਂ ਤਹਿ ਦਿਲੋਂ ਸ਼ੁਭ ਕਾਮਨਾਵਾਂ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ